593
5-6-18

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**
**(ਕੋਆਰਡੀਨੇਸ਼ਨ ਸ਼ਾਖਾ)**

ਪਿੱਠ ਅੰਕਣ ਨੰ: 15/1-2017 ਕੋ ਸ਼ਾਖਾ (1)/2018 19496 - 04

ਮਿਤੀ: ਐਸ.ਏ.ਐਸ. ਨਗਰ 31.05.2018

**ਵਿਸ਼ਾ:-** **ਪੰਜਾਬ ਸਰਕਾਰ ਦੇ ਕਰਮਚਾਰੀਆਂ ਵੱਲੋਂ ਜੀ.ਪੀ.ਐਫ. ਵਿੱਚੋਂ 90% ਐਡਵਾਂਸ ਲੈਣ ਸਮੇਂ ਅੰਡਰਟੇਕਿੰਗ ਦੇਣ ਉਪਰੰਤ ਸੇਵਾ ਕਾਲ ਵਿੱਚ ਵਾਧੇ ਸਬੰਧੀ ਸਪਸ਼ਟੀਕਰਨ।**

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ -2 ਸ਼ਾਖਾ) ਦਾ ਪੱਤਰ ਨੰ: 22/02/2012-3 ਐਫ.ਪੀ.2/1238441/1 ਮਿਤੀ 18.05.2018.

1. ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਵੱਲੋਂ ਜੀ.ਪੀ.ਐਫ. ਵਿੱਚੋਂ 90% ਐਡਵਾਂਸ ਲੈਣ ਸਮੇਂ ਅੰਡਰਟੇਕਿੰਗ ਦੇਣ ਉਪਰੰਤ ਸੇਵਾ ਕਾਲ ਵਿੱਚ ਵਾਧੇ ਸਬੰਧੀ ਸਪਸ਼ਟੀਕਰਨ ਪ੍ਰਾਪਤ ਹੋਇਆ ਹੈ।
2. ਨਾਲ ਨੱਥੀ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਨੱਥੀ: ਉਕਤ ਅਨੁਸਾਰ।

31.05.18
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ ਸ਼ਾਖਾ)

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਹਾਇਕ ਡਾਇਰੈਕਟਰ (ਸਪ੍ਰ.1,2,3,4,ਵੋਕੇਸ਼ਨਲ)
3. ਰਜਿਸਟਰਾਰ ਸਿੱਖਿਆ ਵਿਭਾਗ ਅਤੇ ਅਮਲਾ ਅਫਸਰ।
4. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਫੰਡਜ਼।

582
11/6/18

5/6

Scanned by CamScanner

ਨੰ:22/02/2012-3ਐਫ.ਪੀ.2/1238541/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ,ਚੰਡੀਗੜ੍ਹ: 18/05/2018

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾਂ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਵਲੋਂ ਜੀ.ਪੀ.ਐਫ. ਵਿਚੋਂ 90% ਐਡਵਾਂਸ ਲੈਣ ਸਮੇਂ ਅੰਡਰਟੇਕਿੰਗ ਦੇਣ ਉਪਰੰਤ ਸੇਵਾ ਕਾਲ ਵਿੱਚ ਵਾਧੇ ਸਬੰਧੀ ਸਪਸਟੀਕਰਨ।

*****

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਸਬੰਧੀ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 22/8/2016-3ਐਫ.ਪੀ.2/250 ਮਿਤੀ 1.07.2016 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਉਪਰੋਕਤ ਹਦਾਇਤਾਂ ਰਾਹੀਂ ਜਾਰੀ ਸਪਸਟੀਕਰਨ ਅਨੁਸਾਰ ਜੇਕਰ ਕਿਸੇ ਕਰਮਚਾਰੀ ਵਲੋਂ ਸੁਪਰਐਨੂਏਸ਼ਨ ਜਾਂ ਸੇਵਾ ਕਾਲ ਦੇ ਪਹਿਲੇ ਸਾਲ ਦੇ ਵਾਧੇ ਦੀ ਸਮਾਪਤੀ ਤੋਂ ਪਹਿਲਾਂ 90% ਜੀ.ਪੀ.ਐਫ. ਐਡਵਾਂਸ ਲੈਣ ਲਈ ਦਰਖਾਸਤ ਦਿੱਤੀ ਜਾਂਦੀ ਹੈ ਤਾਂ ਉਸ ਵਲੋਂ ਅੰਡਰਟੇਕਿੰਗ ਦਿੱਤੀ ਜਾਂਦੀ ਹੈ ਕਿ ਉਹ ਸੇਵਾਕਾਲ ਵਿੱਚ ਵਾਧਾ ਨਹੀਂ ਲੈਣਾ ਚਾਹੁੰਦਾ ਹੈ ਅਤੇ ਨਾ ਹੀ ਉਸ ਵਲੋਂ ਸੇਵਾ ਕਾਲ ਵਿੱਚ ਵਾਧੇ ਦੀ ਆਪਸ਼ਨ ਦਿੱਤੀ ਜਾਵੇਗੀ।

2. ਵਿੱਤ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਇਸ ਸਪਸਟੀਕਰਨ ਅਨੁਸਾਰ ਅੰਡਰਟੇਕਿੰਗ ਦੇਣ ਉਪਰੰਤ ਵੀ ਅਧਿਕਾਰੀਆਂ/ਕਰਮਚਾਰੀਆਂ ਵਲੋਂ ਸੇਵਾ ਕਾਲ ਵਿੱਚ ਵਾਧੇ ਦੀ ਆਪਸਨ ਦਿੱਤੀ ਜਾਂਦੀ ਹੈ। ਇਥੇ ਇਹ ਸਪਸ਼ੱਟ ਕੀਤਾ ਜਾਂਦਾ ਹੈ ਕਿ ਅੰਡਰਟੇਕਿੰਗ ਦੇਣ ਉਪਰੰਤ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਸੇਵਾ ਕਾਲ ਵਿੱਚ ਵਾਧਾ ਨਹੀਂ ਦਿੱਤਾ ਜਾਵੇਗਾ ਭਾਵੇਂ ਉਸ ਵਲੋਂ ਜੀ.ਪੀ.ਐਫ. ਐਡਵਾਂਸ ਦੀ ਰਕਮ ਪ੍ਰਾਪਤ ਕਰ ਲਈ ਗਈ ਹੋਵੇ ਜਾਂ ਅਜੇ ਉਸ ਦਾ ਕੇਸ ਵਿਚਾਰ ਅਧੀਨ ਹੋਵੇ।

3. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਵਿਸਵਾਸਪਾਤਰ

(ਸੰਗੀਤਾ)

ਅਧੀਨ ਸਕੱਤਰ ਵਿੱਤ

ਪਿ.ਅ.ਨੰ: ਨੰ:22/02/2012-3ਐਫ.ਪੀ.2/1238541/2-3 ਮਿਤੀ, ਚੰਡੀਗੜ੍ਹ : 18/05/2018

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।

Scanned by CamScanner

2. ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਸਹੀ/-
ਅਧੀਨ ਸਕੱਤਰ ਵਿੱਤ

ਪਿ.ਅੰ.ਨੰ: ਨੰ:22/02/2012-3ਐਫ.ਪੀ.2/1238441/4-5 ਮਿਤੀ, ਚੰਡੀਗੜ੍ਹ : 18/05/2018

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ,ਚੰਡੀਗੜ੍ਹ ।

2. ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।

ਸਹੀ/-
ਅਧੀਨ ਸਕੱਤਰ ਵਿੱਤ

ਪਿ.ਅੰ.ਨੰ:22/02/2012-3 ਐਫ.ਪੀ.2/1238441/6 ਮਿਤੀ, ਚੰਡੀਗੜ੍ਹ : 18/05/2018

ਇਸ ਦਾ ਉਤਾਰਾ ਰਾਜ ਦੇ ਸਮੂਹ ਜਿਲ੍ਹਾਂ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ 18/5/18

ਪਿ.ਅੰ.ਨੰ:22/02/2012-3 ਐਫ.ਪੀ.2/1238441/7ਮਿਤੀ, ਚੰਡੀਗੜ੍ਹ : 18/05/2018

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਸਪਸ਼ਟੀਕਰਨ ਨੂੰ ਪੰਜਾਬ ਸਰਕਾਰ ਦੀ ਵੈਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ ਜੀ।

ਸੁਪਰਡੰਟ 18/5/18

ਦਫ਼ਤਰ ਡਿਪਟੀ ਕਮਿਸ਼ਨਰ [illegible] ਮਾਨਸਾ।

ਪਿ.ਅੰ.ਨੰ: ਡੇ-2/2018/ਡੀ.ਪੀ.ਅਫ./ 3806 ਮਿਤੀ ਮਾਨਸਾ 12-6-18

ਉਪਰੋਕਤ ਪੱਤਰ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਵਿਭਾਗਾਂ/ਦਫ਼ਤਰਾਂ ਦੇ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਮਾਨਸਾ

ਮਾਨਸਾ।

Scanned by CamScanner